# ਸ਼ਬਦ ਸ਼੍ਰੇਣੀਆਂ

ਸ਼ਬਦ ਭਾਸ਼ਾ ਦੀ ਮਹੱਤਵਪੂਰਨ ਬੁਨਿਆਦੀ ਇਕਾਈ ਹੈ। ਜਦ ਕਿਸੇ ਵੀ ਸ਼ਬਦਾਵਲੀ ਦਾ ਪ੍ਰਕਾਰਜ ਦੇ ਪੱਖ ਤੋਂ ਵਰਗੀਕਰਨ ਕੀਤਾ ਜਾਂਦਾ ਹੈ ਤਾਂ ਸਾਡੇ ਸਾਹਮਣੇ ਸ਼ਬਦਾਂ ਦੀਆਂ ਦੋ ਵੰਨਗੀਆਂ ਸਾਹਮਣੇ ਆਉਂਦੀਆਂ ਹਨ-

1. **ਅਰਥ** ਪ੍ਰਕਾਰਜੀ        2. **ਵਾਕ** ਪ੍ਰਕਾਰਜੀ

ਭਾਵ ਸ਼ਬਦ ਦਾ ਇਕ ਵਰਗ ਅਜਿਹਾ ਹੈ ਜਿਹਨਾਂ ਦਾ ਪ੍ਰਕਾਰਜੀ ਮੱਹਤਵ ਆਪਣੇ ਅਰਥ ਕਰਕੇ ਹੈ। ਦੂਜੇ ਵਰਗ ਦਾ ਪ੍ਰਕਾਰਜੀ ਮੱਹਤਵ ਵਾਕ ਵਿਚ ਜੜ੍ਹਤ ਕਰਕੇ ਹੈ। ਸਾਡੇ ਵਿਚਾਰ ਅਧੀਨ ਵਿਸ਼ੇ ਵਿੱਚ ਦੋਵੇਂ ਤਰ੍ਹਾਂ ਦੀਆਂ ਸ਼ਬਦ ਸ਼ੇਣੀਆਂ ਆ ਜਾਂਦੀਆਂ ਹਨ। ਅਰਥ ਪ੍ਰਕਾਰਜੀ ਸ਼ਬਦ ਸ਼੍ਰੇਣੀਆਂ ਵਿੱਚ ਨਾਂਵ, ਪੜਨਾਂਵ, ਵਿਸ਼ੇਸ਼ਣ ਅਤੇ ਕਿਰਿਆ-ਵਿਸ਼ੇਸ਼ਣ ਆ ਜਾਂਦੇ ਹਨ। ਅਰਥ ਪ੍ਰਕਾਰਜ਼ੀ ਸ੍ਰੇਣੀਆਂ ਵਿੱਚ ਸੰਬੰਧਕ, ਯੋਜਕ, ਵਿਸਮਿਕ ਆ ਜਾਂਦੇ ਹਨ। ਇੱਥੇ ਅਸੀਂ ਇਹਨਾਂ ਨੂੰ ਸਵਿਸਤਾਰ ਚਰਚਾ ਦਾ ਵਿਸ਼ਾ ਬਣਾਵਾਂਗੇ-

## 1. ਨਾਂਵ (Noun)

ਨਾਂ, ਥਾਂ ਜਾਂ ਭਾਵ ਦਾ ਬੋਧ ਕਰਾਉਣ ਵਾਲੇ ਸ਼ਬਦ ਨੂੰ ਨਾਂਵ ਕਿਹਾ ਜਾਂਦਾ ਹੈ ਜਾਂ ਫਿਰ ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਜਿਹੜਾ ਸ਼ਬਦ ਕਿਸੇ ਪ੍ਰਾਣੀ, ਵਸਤ, ਸਥਾਨ, ਗੁਣ, ਦੋਸ਼ਾਂ ਆਦਿ ਦਾ ਬੋਧ ਕਰਾਏ ਉਸ ਨੂੰ ਨਾਂਵ ਸ਼੍ਰੇਣੀ ਵਿੱਚ ਰੱਖਿਆ ਜਾਂਦਾ ਹੈ ਜਿਵੇਂ ਪੱਪੂ, ਮੱਝ, ਕਪੂਰਥਲਾ, ਸੱਚ, ਝੂਠ ਆਦਿ ਨਾਂਵ ਹਨ। ਪੰਜਾਬੀ ਨਾਵਾਂ ਦਾ ਵਰਗੀਕਰਨ ਹੇਠ ਲਿਖੇ ਆਧਾਰਾਂ ਉੱਪਰ ਕੀਤਾ ਜਾਂਦਾ ਹੈ-

1. ਅਰਥਾਂ ਦੇ ਆਧਾਰ 'ਤੇ ਵਰਗੀਕਰਨ
2. ਰੂਪ ਦੇ ਆਧਾਰ 'ਤੇ ਵਰਗੀਕਰਨ
3. ਮਿਣਤੀ ਤੇ ਆਧਾਰ 'ਤੇ ਵਰਗੀਕਰਨ

**ਅਰਥਾਂ ਦੇ ਆਧਾਰ 'ਤੇ ਵਰਗੀਕਰਨ** - ਅਰਥਾਂ ਦੇ ਆਧਾਰ 'ਤੇ ਵਰਗੀਕਰਨ ਕਰਦਿਆਂ ਇਹ ਦੇਖਿਆ ਜਾਂਦਾ ਹੈ ਕਿ ਨਾਂਵ ਸ਼੍ਰੇਣੀ ਦੇ ਸ਼ਬਦ ਕਿਸ ਤਰ੍ਹਾਂ ਦਾ ਅਰਥ ਸੰਚਾਰ ਕਰਦੇ ਹਨ। ਭਾਵ ਉਹ ਕੋਈ ਆਮ ਅਰਥ ਦਾ ਬੋਧ ਕਰਾਉਂਦੇ ਹਨ, ਕੋਈ ਖ਼ਾਸ ਅਰਥ ਬਾਰੇ ਜਾਂ ਫਿਰ ਕਿਸੇ ਭਾਵ ਦਾ ਬੋਧ ਕਰਾਉਂਦੇ ਹਨ। ਇਸ ਪੱਖੋਂ ਨਾਂਵ ਪੰਜ ਵਰਗਾਂ ਵਿਚ ਵੰਡੇ ਜਾਂਦੇ ਹਨ ਜੋ ਹੇਠ ਲਿਖੇ ਹਨ ;

**ੳ) ਆਮ ਨਾਂਵ ਜਾਂ ਜਾਤੀ ਵਾਚਕ ਨਾਂਵ**

**ਅ) ਖ਼ਾਸ ਨਾਂਵ**

**ੲ) ਇਕੱਠ ਵਾਚਕ ਨਾਂਵ**

**ਸ) ਵਸਤੂ ਵਾਚਕ ਨਾਂਵ**

**ਹ) ਭਾਵਵਾਚਕ ਨਾਂਵ**

**ੳ) ਆਮ ਨਾਂਵ ਜਾਂ ਜਾਤੀ ਵਾਚਕ ਨਾਂਵ** - ਜਿਨ੍ਹਾਂ ਸ਼ਬਦਾਂ ਤੋਂ ਕਿਸੇ ਜਾਤੀ

ਦੇ ਸਾਰੇ ਪਦਾਰਥਾਂ ਦਾ ਬੋਧ ਹੁੰਦਾ ਹੋਵੇ, ਉਹਨਾਂ ਨੂੰ ਆਮ ਨਾਂਵ ਜਾਂ ਜਾਤੀ ਵਾਚਕ ਨਾਂਵ ਕਿਹਾ ਜਾਂਦਾ ਹੈ।

ਜਿਵੇ- ਲੜਕਾ, ਨਦੀ, ਕੁਰਸੀ, ਬੱਕਰੀ ਆਦਿ।

ਅ) **ਖ਼ਾਸ ਨਾਂਵ** - ਜਿਨ੍ਹਾਂ ਸ਼ਬਦਾਂ ਤੋਂ ਕਿਸੇ ਖ਼ਾਸ ਪੁਰਖ, ਇਸਤਰੀ ਜਾਂ ਸਥਾਨ ਦਾ ਬੋਧ ਹੁੰਦਾ ਹੈ, ਉਹਨਾਂ ਨੂੰ ਖ਼ਾਸ ਨਾਂਵ ਕਿਹਾ ਜਾਂਦਾ ਹੈ - ਜਿਵੇਂ -ਰਾਮ, ਸੀਤਾ, ਹਿਮਾਲਿਆ, ਦਿੱਲੀ ਆਦਿ।

ੲ) **ਇਕੱਠ ਵਾਚਕ ਨਾਂਵ** - ਜਿਹੜੇ ਸ਼ਬਦ ਜੀਵਾਂ ਜਾਂ ਵਸਤਾਂ ਦੇ ਸਮੂਹ ਜਾਂ ਇਕੱਠ ਦਾ ਬੋਧ ਕਰਾਉਣ, ਉਹਨਾਂ ਨੂੰ ਇਕੱਠ - ਵਾਚਕ ਨਾਂਵ ਆਖਿਆ ਜਾਂਦਾ ਹੈ - ਸੈਨਾ, ਸਭਾ, ਇੱਜ਼ਤ ਆਦਿ।

ਸ) **ਵਸਤੂ-ਵਾਚਕ ਨਾਂਵ** - ਜਿਹੜੇ ਸ਼ਬਦ ਤੋਲੀਆਂ, ਮਿਣੀਆ ਜਾਂ ਮਾਪੀਆਂ ਜਾਣ ਵਾਲੀਆਂ ਵਸਤਾਂ ਦਾ ਬੋਧ ਕਰਾਉਣ, ਉਹਨਾਂ ਨੂੰ ਵਸਤ-ਵਾਚਕ ਨਾਂਵ ਕਿਹਾ ਜਾਂਦਾ ਹੈਂ - ਜਿਵੇਂ ਦੁੱਧ, ਤੇਲ, ਰੇਤ, ਕੱਪੜਾ ਆਦਿ।

ਹ) **ਭਾਵ-ਵਾਚਕ ਨਾਂਵ** - ਜਿਹੜੇ ਸ਼ਬਦ ਕਿਸੇ ਗੁਣ, ਭਾਵ, ਹਾਲਤ, ਕਲਾ ਆਦਿ ਦਾ ਬੋਧ ਕਰਾਂਉਂਦੇ ਹਨ, ਉਨ੍ਹਾ ਨੂੰ ਭਾਵ-ਵਾਚਕ ਨਾਂਵ ਕਿਹਾ ਜਾਂਦਾ ਹੈ ਜਿਵੇਂ - ਨਿਮਰਤਾ, ਸੱਚ, ਮਿਠਾਸ, ਰਾਗ, ਮੁਸਕਾਣ ਆਦਿ।

2. **ਰੂਪ ਦੇ ਆਧਾਰ 'ਤੇ ਵਰਗੀਕਰਨ** - ਰੂਪ ਆਧਾਰੀ ਵਰਗੀਕਰਨ ਵਿਚ ਨਾਂਵਾਂ ਦਾ ਨਰ ਤੇ ਮਾਦਾ ਦਾ ਰੂਪ ਫਰਕ ਆਧਾਰ ਬਣਦਾ ਹੈ ਜਾਂ ਫਿਰ ਇਸ ਆਧਾਰ ਤਹਿਤ ਲਿੰਗ ਨੂੰ ਆਧਾਰ ਬਣਾਇਆ ਜਾਂਦਾ ਹੈ।

ਨਾਂਵਾਂ ਵਿਚ ਮਰਦਾਵੇਂ, ਜਨਾਨੇ ਜਾਂ ਨਰ ਤੇ ਮਾਦਾ ਦਾ ਜੋ ਭੇਦ ਹੁੰਦਾ ਹੈ, ਉਸ ਨੂੰ ਲਿੰਗ ਆਖਦੇ ਹਨ।

**ਲਿੰਗ ਦੋ ਪ੍ਰਕਾਰ ਦੇ ਹੁੰਦੇ ਹਨ -**

1. ਪੁਲਿੰਗ
2. ਇਸਤਰੀ ਲਿੰਗ (ਇ. ਲਿੰਗ)

1. **ਪੁਲਿੰਗ** - ਜੋ ਸ਼ਬਦ ਕਿਸੇ ਜੀਵ ਜਾਂ ਚੀਜ਼ ਦੇ ਮਰਦਾਂਵੇਂ ਰੂਪ ਦਾ ਬੋਧ ਕਰਾਏ, ਉਸ ਨੂੰ ਪੁਲਿੰਗ ਕਿਹਾ ਜਾਂਦਾ ਹੈ - ਜਿਵੇਂ - ਪੁੱਤਰ, ਰਾਜਾ, ਬੱਦਲ, ਪਹਾੜ, ਸੋਟਾ ਆਦਿ।

2. **ਇਸਤਰੀ ਲਿੰਗ** - ਜੋ ਸ਼ਬਦ ਕਿਸੇ ਜੀਵ ਜਾਂ ਚੀਜ਼ ਦੇ ਜਨਾਨੇ ਰੂਪ ਦਾ ਬੋਧ ਕਰਾਏ, ਉਸ ਨੂੰ ਇਸਤਰੀ ਲਿੰਗ ਕਿਹਾ ਜਾਂਦਾ ਹੈ - ਜਿਵੇਂ - ਪੁੱਤਰੀ, ਰਾਣੀ, ਗਾਂ , ਪਹਾੜੀ, ਸੋਟੀ ਆਦਿ।

3. **ਮਿਣਤੀ ਦੇ ਆਧਾਰ 'ਤੇ ਵਰਗੀਕਰਨ** - ਇਸ ਆਧਾਰ ਤੇ ਵਰਗੀਕਰਨ ਕਰਦਿਆਂ ਨਾਂਵਾਂ ਦੀ ਮਿਣਤੀ ਨੂੰ ਆਧਾਰ ਬਣਾਇਆ ਜਾਂਦਾ ਹੈ ਭਾਵ ਨਾਂਵ ਇਕ ਹੈ ਜਾਂ ਵਧੇਰੇ ਜਾਂ ਫਿਰ ਇੰਝ ਕਹਿ ਲਿਆ ਜਾਵੇ ਕਿ ਇਸ ਤਹਿਤ ਵਚਨ ਨੂੰ

ਆਧਾਰ ਬਣਾਇਆ ਜਾਂਦਾ ਹੈ। ਸ਼ਬਦਾਂ ਦੇ ਜਿਸ ਰੂਪ ਤੋਂ ਇੱਕ ਤੋਂ ਵੱਧ ਹੋਣ ਦਾ ਬੋਧ ਹੋਵੇ ਉਸ ਨੂੰ ਵਚਨ ਆਖਿਆ ਜਾਂਦਾ ਹੈ। ਇਸ ਆਧਾਰ 'ਤੇ ਪੰਜਾਬੀ ਵਿਚ ਦੋ ਤਰ੍ਹਾਂ ਦੇ ਨਾਂਵ ਹੁੰਦੇ ਹਨ।

(ੳ) ਇਕ-ਵਚਨ

(ਅ) ਬਹੁ-ਵਚਨ

**(ੳ) ਇਕ-ਵਚਨ** - ਜਿਹੜਾ ਰੂਪ ਇਕ ਦਾ ਬੋਧ ਕਰਾਏ ਉਸ ਨੂੰ ਇਕ ਵਚਨ ਕਿਹਾ ਜਾਂਦਾ ਹੈ

**ਜਿਵੇਂ** - ਸੋਟਾ, ਮੁੰਡਾ, ਲੜਕੀ।

**(ਅ) ਬਹੁ-ਵਚਨ** - ਸੋਟੇ, ਮੁੰਡੇ, ਲੜਕੀਆਂ।

**ਨਾਂਵਾਂ ਦੀ ਕਾਰਕ ਸਾਧਨਾ** - ਨਾਵਾਂ ਦੀ ਕਾਰਕ ਸਾਧਨਾ ਦੇਖਣ ਤੋਂ ਪਹਿਲਾਂ ਕਾਰਕ ਦੀ ਪਰਿਭਾਸ਼ਾ ਦੇਣੀ ਲਾਜ਼ਮੀ ਬਣਦੀ ਹੈ। ਪੰਜਾਬੀ ਭਾਸ਼ਾ ਦੇ ਵਾਕਾਂ ਵਿਚ ਨਾਵਾਂ ਦੀ ਸਥਿਤੀ ਉਸ ਨਾਂਵ ਦਾ ਕਾਰਕ ਹੁੰਦਾ ਹੈ । ਜਾਂ ਇੰਞ ਕਿਹਾ ਜਾ ਸਕਦਾ ਹੈ ਕਿ ਵਾਕ ਵਿਚ ਇਕ ਜਾਂ ਵਧੇਰੇ ਨਾਵਾਂ ਦੇ ਆਪਸੀ ਸੰਬੰਧ ਕਾਰਕੀ ਹੁੰਦੇ ਹਨ।

**ਜਿਵੇਂ** - ਰਾਮ ਨੇ ਸੋਟੇ ਨਾਲ ਸੱਪ ਮਾਰ ਕੇ ਖੂਹ ਵਿਚ ਸੁੱਟ ਦਿੱਤਾ।

ਇਸ ਵਾਕ ਵਿਚ ਰਾਮ, ਸੋਟੇ, ਸੱਪ, ਖੂਹ, ਚਾਰ ਨਾਂਵ ਵੱਖ-ਵੱਖ ਸਥਿਤੀ ਵਿਚ ਆਏ ਹਨ। ਇਨ੍ਹਾਂ ਨਾਲ, ਨਾਂ ਦੀਆਂ ਅੱਠ ਕਾਰਕੀ ਸਥਿਤੀਆਂ ਹੋ ਸਕਦੀਆਂ ਹਨ।

ਇਸ ਕਰਕੇ ਪੰਜਾਬੀ ਵਿਚ ਅੱਠ ਪ੍ਰਕਾਰ ਦੇ ਕਾਰਕ ਮੰਨੇ ਜਾਂਦੇ ਹਨ।

1. ਕਰਤਾ ਕਾਰਕ
2. ਕਰਮ ਕਾਰਕ
3. ਕਰਨ ਕਾਰਕ
4. ਸੰਪਰਦਾਨ ਕਾਰਕ
5. ਅਪਾਦਾਨ ਕਾਰਕ
6. ਸੰਬੰਧ ਕਾਰਕ
7. ਅਧਿਕਰਨ ਕਾਰਕ
8. ਸੰਬੋਧਨ ਕਾਰਕ